# ਅਰਦਾਸ

ੴ

ਵਾਹਿਗੁਰੂ ਜੀ ਕੀ ਫਤੇ॥
ਸ੍ਰੀ ਭਗਉਤੀ ਜੀ ਸਹਾਇ॥
ਪਾਤਸ਼ਾਹੀ ੧੦॥

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ॥ ਫਿਰਿ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ॥ ਅਰਜਨ ਹਰਿ ਗੋਬਿੰਦ ਨੂ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿ ਕ੍ਰਿਸਨ ਧਿਆਈਐ ਜਿਸੁ ਡਿਠੇ ਸਭ ਦੁਖੁ ਜਾਇ॥ ਤੇਗ ਬਹਾਦਰ ਸਿਮਰੀਐ ਘਰਿ ਨਉਨਿਧਿ ਆਵੈ ਧਾਇ ਸਭ ਥਾਈਂ ਹੋਇ ਸਹਾਇ॥

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭ ਥਾਈਂ ਹੋਇ ਸਹਾਇ॥ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਸਿਮਰੀਐ ਜਿਨ ਮਾਰਗ ਦੀਆ ਬਤਾਇ॥ ਅਕਾਲ ਪੁਰਖ ਅੰਤਰਜਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਨ ਜਮ ਤੇ ਲੀਆ ਛਡਾਇ॥ ਜੋਤਿ ਕਾ ਜਾਮਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਿਮਰੀਐ ਜਿਨ ਟੁੱਟੀ ਲਈ ਮਿਲਾਇ॥ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮਰੀਐ ਜਿਨ ਕਲਿਜੁਗ ਵਿਚ ਸੁਚ ਸੋਧ ਨਾਮ ਬਾਣੀ ਦਾ ਪ੍ਰਵਾਹ ਦਿੱਤਾ ਚਲਾਇ॥ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਿਨਾਂ

ਦੇ ਦਰਸ਼ਨ ਕੀਤਿਆਂ ਜਨਮ ਮਰਣ ਦੁੱਖ ਕੱਟਿਆ ਜਾਇ॥ ਸਭ ਥਾਈਂ ਹੋਹੁ ਸਹਾਇ॥

ਗੁਰੂ ਜੀ ਕੇ ਚਾਰ ਸਾਹਿਬਜ਼ਾਦੇ ਪੰਜ ਪਿਆਰੇ ਚਾਲੀ ਮੁਕਤੇ ਅੱਸੀ ਸ਼ਹੀਦ ਬੇਅੰਤ ਸ਼ਹੀਦਾਂ ਦੀ ਕਮਾਈ ਵੱਲ ਧਿਆਨ ਧਰ ਕੇ ਆਪ ਜੀ ਦਾ ਪਵਿੱਤਰ ਨਾਮ ਚਿਤ ਆਵੈ॥

ਸਤਿਗੁਰੂ ਜੀ ਪਾਤਸ਼ਾਹ! ਅਸੀਂ ਸਦਾ ਭੁਲਣਹਾਰ ਹਾਂ, ਆਪ ਸਦਾ ਬਖਸਿੰਦ ਹੋ, ਦਰੋਂ ਘਰੋਂ ਸਿੱਖੀ ਸਿਦਕ ਬਖਸ਼ੋ, ਬੇਮੁਖ ਹੋ ਕੇ ਨ ਮਰੀਏ॥ ਧਰਤੀ ਤੇ ਧਰਮ ਵਰਤਾਓ ਮਹਾਂ ਮਲੇਛ ਦਾ ਨਾਸ ਕਰੋ, ਸੰਤ ਖਾਲਸੇ

ਦਾ ਪ੍ਰਕਾਸ਼ ਕਰੋ॥ ਗਊ ਗਰੀਬ ਦੇ ਕਸ਼ਟ ਨੂੰ ਦੂਰ ਕਰੋ, ਕੁਲ ਸ੍ਰਿਸ਼ਟੀ ਆਪ ਜੀ ਦਾ ਨਾਮ ਜਪੇ ਕੋਈ ਦੁਖੀਆ ਰਹੇ ਨਾ॥ ਜੋ ਤੈ ਗੁਰੂ ਰੈਪ ਧਾਰ ਕੇ ਹੁਕਮੁ ਦਿੱਤਾ ਹੈ ਗ੍ਰੰਥ ਸਾਹਿਬ ਮੈ, ਸੋ ਤੂ ਆਪਣਾ ਹੁਕਮ ਸਦਾ ਈ ਮਨਾਈਂ॥

ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਆਪ ਜੀ ਦੇ ਚਰਨਾਂ ਵਿਚ ਪ੍ਰਾਰਥਨਾ ਹੈ ਸਾਡਾ ਧਰਮ ਬਣਿਆ ਰਹੇ।

ਦੀਨਾਬੰਧੂ ਸਤਿਗੁਰੂ ਸੱਚੇ ਪਾਤਸ਼ਾਹ ਆਪ ਜੀ ਦੀ ਕ੍ਰਿਪਾ ਨਾਲ ਆਪ ਦੀਆਂ ਪਿਆਰੀਆਂ ਸੰਗਤਾਂ ਨੇ ਇਕੱਤਰ ਹੋਕੇ ਪਵਿੱਤਰ ਨਾਮ ਦਾ ਸਿਮਰਨ ਕੀਤਾ ਹੈ

ਆਪ ਜੀ ਦੇ ਦਰਸ਼ਨ ਨਮਿਤ, ਦਰ ਪਰਵਾਨ ਹੋਵੇ॥ ਦਰਸ਼ਨਾਂ ਦੀ ਦਾਤ ਬਖਸ਼ਣੀ--*

ਨ ਵਿਸਰੀਂ ਨ ਵਿਸਾਰੀਂ, ਰਖ ਲੈ ਬਖਸ਼ ਲੈ ਦੇਹ ਕਰਕੇ ਦੇਹੁ ਦਿਦਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ॥

ਜੋ ਬੋਲੇ ਸੋ ਨਿਹਾਲ
ਸਤਿ ਸ੍ਰੀ ਅਕਾਲ॥

* ਅਰਦਾਸ ਜਿਸ ਮਨੋਰਥ ਵਾਸਤੇ ਹੋਵੇ ਉਸ ਬਾਰੇ ਸ਼ਬਦ ਏਥੇ ਆਖੇ ਜਾਣ।